دفتر مجلس انصاراللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਗ਼ਰੀਬ ਪਰਵਰੀ ਅਤੇ ਦਾਨ ਪੁੰਨ ਦਾ ਈਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 26 ਜੂਨ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ أَلۡحَمۡدُ لِلّٰهِ رَبِّ الۡعٰلَمِيۡنَ ۞ أَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਲਾਹ ਤਆਲਾ ਦੇ ਇਰਸ਼ਾਦ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉਸਵੇ 'ਤੇ ਚਲਦੇ ਹੋਏ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਜ਼ਿੰਦਗੀ ਵਿੱਚ ਸਾਨੂੰ ਗ਼ਰੀਬ ਪਰਵਰੀ ਅਤੇ ਦਾਨ ਪੁੰਨ ਦੇ ਬਹੁਤ ਸਾਰੇ ਵਾਕ਼ਿਆਤ ਮਿਲ਼ਦੇ ਹਨ। ਆਪ عليه السلام ਦੇ ਦਾਅਵੇ ਦੇ ਐਤਬਾਰ ਨਾਲ਼ ਹੀ ਨਹੀਂ ਬਲਕਿ ਆਪ عليه السلام ਦੀ ਜ਼ਿੰਦਗੀ ਦੇ ਸ਼ੁਰੂਆਤੀ ਹਿੱਸੇ ਅਤੇ ਜਵਾਨੀ ਦੀ ਉਮਰ ਵਿੱਚ ਵੀ ਸਾਨੂੰ ਆਪ عليه السلام ਦੇ ਉੱਚੇ **ਅਖ਼ਲਾਕ਼** ਦੇ ਵਾਕ਼ਿਆਤ ਮਿਲ਼ਦੇ ਹਨ। ਅੱਲਾਹ ਤਆਲਾ ਨੇ ਆਪ عليه السلام ਦੀ ਜਿਸ ਮਾਂ ਦੀ ਗੋਦ ਵਿੱਚ **ਪਰਵਰਿਸ਼** ਕੀਤੀ ਉਨ੍ਹਾਂ ਦੀ ਜ਼ਿੰਦਗੀ ਨੂੰ ਵੀ ਅਸੀਂ ਦੇਖਦੇ ਹਾਂ ਤਾਂ ਉੱਥੇ ਵੀ ਸਾਨੂੰ ਗ਼ਰੀਬ ਪਰਵਰੀ ਅਤੇ ਦਾਨ ਪੁੰਨ ਦੇ ਵਾਕ਼ਿਆਤ ਮਿਲ਼ਦੇ ਹਨ। ਗੋਇਆ ਆਪ عليه السلام ਨੇ ਇੱਕ ਅਜਿਹੀ ਮਾਂ ਦੀ ਗੋਦ ਵਿੱਚ ਪਰਵਰਿਸ਼ ਪਾਈ ਜਿਨ੍ਹਾਂ ਨੇ ਆਪ عليه السلام ਨੂੰ ਉੱਚੇ ਅਖ਼ਲਾਕ਼ ਵੀ ਸਿਖਾਏ।

ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਹਜ਼ਰਤ ਮਾਈ ਚਿਰਾਗ਼ ਸਾਹਿਬਾ ਯਾਨੀ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਵਾਲਦਾ ਮੁਹਤਰਮਾ ਦਾ ਖ਼ਾਨਦਾਨ ਪਿੰਡ ਆਇਮਾ ਜ਼ਿਲ੍ਹਾ **ਹੁਸ਼ਿਆਰਪੁਰ** ਵਿੱਚ ਇੱਕ **ਇੱਜ਼ਤਦਾਰ** ਅਤੇ **ਮੁਗ਼ਲ** ਖ਼ਾਨਦਾਨ ਸੀ। ਆਪ ਦੀ ਤਬੀਅਤ ਵਿੱਚ ਦਾਨ ਪੁੰਨ ਅਤੇ ਮਹਿਮਾਨ ਨਵਾਜ਼ੀ ਕੁੱਟ ਕੁੱਟ ਕੇ ਭਰੀ ਹੋਈ ਸੀ। ਇੱਕ ਪਾਕ ਦਾਮਨੀ ਦੀ ਦੇਵੀ ਖ਼ਾਤੂਨ ਵਿੱਚ ਜੋ ਉੱਚੀਆਂ ਸਿਫ਼ਤਾਂ ਹੋਣੀਆਂ ਚਾਹੀਦੀਆਂ ਹਨ ਉਹ ਆਪ ਵਿੱਚ ਮੌਜੂਦ ਸਨ। ਉਹ ਹਮੇਸ਼ਾ **ਖਿੜੇ ਮੱਥੇ** ਅਤੇ **ਸੰਜੀਦਾ** ਹਾਲਤ ਵਿੱਚ ਰਹਿੰਦੀ ਸਨ। ਮਹਿਮਾਨ ਨਵਾਜ਼ੀ ਦੇ ਲਈ ਉਨ੍ਹਾਂ ਦੇ ਦਿਲ ਵਿੱਚ ਨਿਹਾਇਤ ਜੋਸ਼ ਅਤੇ ਸੀਨੇ ਵਿੱਚ ਵੱਡਾਪਨ ਸੀ। ਜੇਕਰ ਉਨ੍ਹਾਂ ਨੂੰ ਸੂਚਨਾ ਮਿਲ਼ਦੀ ਕਿ ਚਾਰ ਆਦਮੀਆਂ ਦੇ ਲਈ ਖਾਣਾ ਭੇਜਣਾ ਹੈ ਤਾਂ ਜਦ ਖਾਣਾ ਜਾਂਦਾ ਤਾਂ 8 ਤੋਂ ਵੀ ਜ਼ਿਆਦਾ ਲੋਕਾਂ ਦੇ ਲਈ ਹੁੰਦਾ। ਆਪਣੇ ਸ਼ਹਿਰ ਦੇ **ਗ਼ਰੀਬਾਂ** ਅਤੇ **ਕਮਜ਼ੋਰਾਂ** ਦਾ ਖ਼ਸੂਸੀਅਤ ਨਾਲ਼ ਖ਼ਿਆਲ ਰੱਖਦੀ ਸਨ ਅਤੇ ਉਨ੍ਹਾਂ ਦੇ ਰੋਜ਼ਾਨਾ ਦੇ ਕੰਮਾਂ ਵਿੱਚ ਇਹ ਇੱਕ ਖ਼ਾਸ ਗੱਲ ਸੀ ਕਿ ਗ਼ਰੀਬਾਂ ਦੇ ਮੁਰਦਿਆਂ ਨੂੰ ਕਫ਼ਨ ਉਨ੍ਹਾਂ ਦੇ ਕੋਲੋਂ ਮਿਲ਼ਦਾ।

ਹਜ਼ਰਤ ਮੀਆਂ ਅੱਲਾਹ ਯਾਰ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਜਿਸ ਵੇਲ਼ੇ ਹਜ਼ੂਰ عليه السلام **ਸਿਆਲਕੋਟ** ਵਿੱਚ ਮੁਲਾਜ਼ਮ ਸਨ ਇੱਕ ਵਾਰ ਹਜ਼ੂਰ عليه السلام ਦੇ ਲਈ ਹਜ਼ੂਰ عليه السلام ਦੀ ਵਾਲਦਾ ਨੇ ਦੋ **ਪੋਸ਼ਾਕਾਂ** ਯਾਨੀ ਕੱਪੜੇ ਅਤੇ ਕੁੱਝ **ਪਿੰਨੀਆਂ** ਇੱਕ ਸ਼ਖ਼ਸ ਮੰਗਲ ਹਜਾਮ ਦੇ ਨਾਲ਼ ਰਵਾਨਾ ਕੀਤੀਆਂ। ਉਹ ਕਹਿੰਦਾ ਹੈ ਜਦ ਮੈਂ ਇਹ ਚੀਜ਼ਾਂ ਲੈ ਕੇ ਸਿਆਲਕੋਟ ਗਿਆ ਅਤੇ ਹਜ਼ੂਰ عليه السلام ਦੇ ਅੱਗੇ ਰੱਖ ਦਿੱਤੀਆਂ ਤਾਂ ਹਜ਼ੂਰ عليه السلام ਨੇ ਫ਼ਰਮਾਇਆ ਜੋ ਤੇਰੇ ਹਿੱਸੇ

ਵਿੱਚ ਆਉਂਦਾ ਹੈ ਤੂੰ ਲੈ ਲੈ ਅਤੇ ਜਿਹੜਾ ਮੇਰਾ ਹਿੱਸਾ ਹੈ ਮੈਨੂੰ ਦੇ ਦੇ। ਮੈਂ ਕਿਹਾ ਕਿ ਹਜ਼ੂਰ ﷺ ਇਹ ਆਪ ﷺ ਦੇ ਲਈ ਹਨ। ਵਾਲਦਾ ਨੇ ਆਪ ﷺ ਦੇ ਲਈ ਭੇਜੀਆਂ ਹਨ। ਫ਼ਰਮਾਇਆ ਕਿ ਤੂੰ ਇਹ ਸਾਰੀਆਂ ਚੀਜ਼ਾਂ ਇੰਨੀ ਦੂਰ ਚੁੱਕ ਕੇ ਲਿਆਇਆ ਹੈਂ ਤਾਂ ਆਪਣਾ ਅੱਧਾ **ਹਿੱਸਾ** ਜ਼ਰੂਰ ਲੈ ਲੈ। ਖ਼ੈਰ ਮੈਨੂੰ ਇੱਕ ਪੋਸ਼ਾਕ ਅਤੇ ਕੁੱਝ ਪਿੰਨੀਆਂ ਦੇ ਦਿੱਤੀਆਂ ਅਤੇ ਫ਼ਰਮਾਇਆ ਕਿ ਅੰਮਾ ਜਾਨ ਨੂੰ ਜਾ ਕੇ ਕਹਿਣਾ ਕਿ ਮੈਨੂੰ ਇੱਥੋਂ ਛੇਤੀ ਵਾਪਸ ਮੰਗਵਾ ਲੈਣ ਮੇਰਾ ਦਿਲ ਇੱਥੇ ਨਹੀਂ ਲੱਗਦਾ।

ਹਜ਼ਰਤ ਮਿਰਜ਼ਾ ਬਸ਼ੀਰ ਅਹਿਮਦ ਰਜ਼ਿ ਅੱਲਾਹੁ ਅਨਹੁ ਇੱਕ ਰਿਵਾਇਤ ਬਿਆਨ ਕਰਦੇ ਹਨ ਕਿ ਹਜ਼ੂਰ ﷺ ਸਿਆਲਕੋਟ ਵਿੱਚ ਮੁਕ਼ੀਮ ਸਨ। ਉਹ ਘਰ ਵਿੱਚ ਕਿਸੇ ਨਾਲ਼ ਨਹੀਂ ਮਿਲ਼ਦੇ ਸਨ ਅਤੇ ਜਿਹੜੀ **ਤਨਖ਼ਾਹ** ਹਜ਼ੂਰ ﷺ ਨੂੰ ਮਿਲ਼ਦੀ ਸੀ ਉਹ **ਮੁਹਤਾਜਾਂ** ਵਿੱਚ ਵੰਡ ਦਿੰਦੇ, ਕੱਪੜੇ ਬਣਵਾ ਦਿੰਦੇ ਜਾਂ ਨਕ਼ਦ ਦੇ ਦਿੰਦੇ ਅਤੇ ਆਪਣੇ ਲਈ ਸਿਰਫ਼ ਖਾਣੇ ਦਾ ਖ਼ਰਚਾ ਰੱਖ ਲੈਂਦੇ। ਸ਼ੁਰੂਆਤੀ ਜ਼ਮਾਨੇ ਵਿੱਚ ਕਿਉਂਕਿ ਆਪ ﷺ ਇਕਾਂਤ ਵਿੱਚ ਰਹਿੰਦੇ ਸਨ ਅਤੇ ਇਹੀ ਆਪ ﷺ ਦਾ ਰੁਝਾਨ ਸੀ ਇਸ ਲਈ ਇਸ ਕ਼ਿਸਮ ਦੇ ਅਖ਼ਲਾਕ਼ ਦਾ ਜ਼ਾਹਿਰ ਹੋਣਾ ਬਹੁਤ ਹੀ **ਮਖ਼ਫ਼ੀ** ਤੌਰ 'ਤੇ ਹੁੰਦਾ ਸੀ। ਪਰ ਜਦ ਖ਼ੁਦਾ ਤਆਲਾ ਨੇ ਆਪ ﷺ ਨੂੰ ਪਬਲਿਕ ਵਿੱਚ ਕੱਢਿਆ ਅਤੇ ਲੋਕਾਂ ਦਾ ਆਉਣਾ ਜ਼ਿਆਦਾ ਹੋਣ ਲੱਗਾ ਅਤੇ ਆਪ ﷺ ਦੇ ਹਾਲਾਤ ਪਬਲਿਕ ਹੋਣ ਲੱਗੇ ਤਾਂ ਇਨ੍ਹਾਂ ਵਾਕ਼ਿਆਤ ਨੂੰ ਦੇਖਣ ਵਾਲ਼ੇ ਅਤੇ ਬਿਆਨ ਕਰਨ ਵਾਲ਼ੇ ਵੀ ਪੈਦਾ ਹੋ ਗਏ। ਆਪ ﷺ ਮੰਗਣ ਵਾਲ਼ੇ ਨੂੰ ਕਦੀ ਵੀ ਖ਼ਾਲੀ ਹੱਥ ਨਹੀਂ ਮੋੜਦੇ ਸਨ।

ਹਜ਼ਰਤ ਮੌਲਾਨਾ ਅਬਦੁਲ ਕਰੀਮ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਇੱਕ ਦਿਨ ਅਜਿਹਾ ਹੋਇਆ ਕਿ ਨਮਾਜ਼ਿ ਅਸਰ ਦੇ ਬਾਅਦ ਆਪ ﷺ ਉੱਠੇ ਅਤੇ ਮਸਜਿਦ ਦੀ **ਖਿੜਕੀ** ਵਿੱਚ ਅੰਦਰ ਜਾਣ ਦੇ ਲਈ ਪੈਰ ਰੱਖਿਆ। ਇੰਨੇ ਵਿੱਚ ਇੱਕ ਮੰਗਣ ਵਾਲ਼ੇ ਨੇ ਹੌਲ਼ੀ ਜਿਹੀ ਕਿਹਾ ਕਿ ਮੈਂ ਮੰਗਤਾ ਹਾਂ ਹਜ਼ੂਰ ﷺ ਨੂੰ ਉਸ ਵੇਲ਼ੇ ਕੋਈ ਜ਼ਰੂਰੀ ਕੰਮ ਵੀ ਸੀ ਅਤੇ ਕੁੱਝ ਉਸ ਦੀ ਆਵਾਜ਼ ਦੂਸਰੇ ਲੋਕਾਂ ਦੀਆਂ ਆਵਾਜ਼ਾਂ ਵਿੱਚ ਮਿਲ਼ ਗਈ ਸੀ। ਆਪ ﷺ ਅੰਦਰ ਚਲੇ ਗਏ ਤਾਂ ਉਸੇ ਹੌਲ਼ੀ ਆਵਾਜ਼ ਨੇ ਆਪ ﷺ ਦੇ ਦਿਲ 'ਤੇ ਗਹਿਰਾ ਅਸਰ ਕੀਤਾ। ਆਪ ﷺ ਨੇ ਖ਼ਲੀਫ਼ਾ ਨੂਰੁੱਦ ਦੀਨ ਰਜ਼ਿ ਅੱਲਾਹੁ ਅਨਹੁ ਨੂੰ ਆਵਾਜ਼ ਦਿੱਤੀ ਕਿ ਇੱਕ ਮੰਗਣ ਵਾਲ਼ਾ ਸੀ, ਉਸ ਨੂੰ ਦੇਖੋ। ਪਰ ਉਹ ਲੱਭਣ 'ਤੇ ਨਾ ਮਿਲਿਆ। ਸ਼ਾਮ ਨੂੰ ਨਮਾਜ਼ ਦੇ ਬਾਅਦ ਆਪ ﷺ ਦੁਬਾਰਾ ਬੈਠੇ ਤਾਂ ਉਹੀ ਮੰਗਣ ਵਾਲ਼ਾ ਫਿਰ ਆ ਗਿਆ ਅਤੇ ਮੰਗਿਆ। ਹਜ਼ੂਰ ﷺ ਨੇ ਬਹੁਤ ਛੇਤੀ ਜੇਬ 'ਚੋਂ ਕੁੱਝ ਕੱਢਿਆ ਅਤੇ ਉਸ ਦੇ ਹੱਥ 'ਤੇ ਰੱਖ ਦਿੱਤਾ ਅਤੇ ਹੁਣ ਅਜਿਹਾ ਲੱਗਿਆ ਕਿ ਆਪ ﷺ ਅਜਿਹੇ ਖ਼ੁਸ਼ ਹੋਏ ਹਨ ਕਿ ਜਿਵੇਂ ਕਿ ਕੋਈ ਬੋਝ ਆਪ ﷺ ਦੇ ਉੱਪਰੋਂ ਉੱਤਰ ਗਿਆ ਹੈ।

ਕਾਦੀਆਂ ਤੋਂ ਛੇ ਮੀਲ ਦੇ ਫ਼ਾਸਲੇ 'ਤੇ **ਸਠਿਆਲੀ** ਇੱਕ ਛੋਟਾ ਜਿਹਾ ਪਿੰਡ ਹੈ। ਉੱਥੋਂ ਇੱਕ ਜੱਟ **ਫ਼ਕ਼ੀਰ** ਆਉਂਦਾ ਸੀ। ਉਹ ਮਸਜਿਦ ਮੁਬਾਰਕ ਦੀ ਛੱਤ ਦੇ ਥੱਲੇ ਆ ਕੇ ਖਿੜਕੀ ਦੇ ਕੋਲ਼ ਆਵਾਜ਼ ਲਾਉਂਦਾ ਸੀ, ਗ਼ੁਲਾਮ ਅਹਮਦ! ਇੱਕ ਰੁਪਈਆ ਲੈਣਾ ਹੈ ਅਤੇ ਉੱਥੇ ਬੈਠ ਜਾਂਦਾ ਸੀ। ਜੇਕਰ ਹਜ਼ੂਰ ﷺ ਮਸਰੂਫ਼ ਹੁੰਦੇ ਤਾਂ ਹਰ ਥੋੜ੍ਹੀ ਦੇਰ ਦੇ ਬਾਅਦ ਆਵਾਜ਼ਾਂ ਦਿੰਦਾ। ਅਕਸਰ ਲੋਕਾਂ ਨੂੰ ਨਾ-ਗਵਾਰ ਹੁੰਦਾ। ਜੇਕਰ ਹਜ਼ੂਰ ﷺ ਨੂੰ ਪਤਾ ਲੱਗ ਜਾਂਦਾ ਕਿ ਕਿਸੇ ਨੇ ਉਸ ਨੂੰ ਕੁੱਝ ਕਿਹਾ ਹੈ ਤਾਂ ਆਪ ﷺ ਨਾ-ਪਸੰਦ ਕਰਦੇ ਅਤੇ ਹੱਸਦੇ ਹੋਏ ਉਸ ਨੂੰ ਰੁਪਈਆ ਦੇ ਦਿੰਦੇ।

1905 ਈ: ਵਿੱਚ ਹਜ਼ੂਰ ﷺ ਆਖ਼ਰੀ ਵਾਰ ਦਿੱਲੀ ਤਸ਼ਰੀਫ਼ ਲੈ ਗਏ। ਇੱਕ ਦਿਨ ਆਪ ﷺ ਦਿੱਲੀ ਦੇ **ਮਜ਼ਾਰ** ਵਗ਼ੈਰਾ 'ਤੇ ਜਾਣ ਦੇ ਇਰਾਦੇ ਨਾਲ਼ ਨਿਕਲੇ। ਕਿਸੇ ਨੇ ਬਿਆਨ ਕੀਤਾ ਕਿ ਹਜ਼ੂਰ ﷺ ਇਸ ਪਾਸੇ ਰਸਤੇ ਵਿੱਚ ਇੰਨੇ ਭਿਖਾਰੀ ਹੁੰਦੇ ਹਨ ਕਿ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ। ਆਪ ﷺ ਨੇ ਫ਼ਰਮਾਇਆ ਅੱਜ ਅਸੀਂ ਚਲਦੇ ਹਾਂ, ਅਸੀਂ ਸਭ ਨੂੰ ਦਿਆਂਗੇ। ਉਸ ਦਿਨ ਇੰਨੇ ਮੰਗਣ ਵਾਲ਼ੇ ਤਾਂ ਨਾ ਮਿਲ਼ੇ ਜਿੰਨਾ ਸੁਣਿਆ ਸੀ। ਫਿਰ ਵੀ ਕੁੱਝ ਮਿਲ਼ੇ ਅਤੇ ਹਰ ਇੱਕ ਨੇ ਆਪਣੀ ਮੰਗ ਦਾ ਜਵਾਬ ਅਮਲੀ ਤੌਰ 'ਤੇ ਹਾਸਿਲ ਕੀਤਾ।

ਹਜ਼ਰਤ ਹਾਫ਼ਿਜ਼ ਅਹਮਦੁੱਲਾਹ ਸਾਹਿਬ ਨਾਗਪੁਰੀ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਇੱਕ ਦਿਨ ਹਜ਼ੂਰ ﷺ **ਗੋਲ਼** ਕਮਰੇ ਵਿੱਚ ਤਸ਼ਰੀਫ਼ ਫ਼ਰਮਾ ਸਨ। ਤਕ਼ਰੀਬਨ 20 ਜਾਂ 25 ਲੋਕ ਉੱਥੇ ਮੌਜੂਦ ਸਨ। ਹਜ਼ੂਰ ﷺ ਕੁੱਝ ਤਕ਼ਰੀਰ ਫ਼ਰਮਾ ਰਹੇ ਸਨ ਕਿ ਇੱਕ ਫ਼ਕ਼ੀਰ ਆਇਆ ਅਤੇ ਜ਼ੋਰ ਨਾਲ਼ ਕੁੱਝ ਮੰਗਿਆ। ਕਹਿੰਦੇ ਹਨ ਮੈਨੂੰ ਬੜਾ ਨਾ-ਗਵਾਰ

ਹੋਇਆ ਕਿ ਹਜ਼ੂਰ عليه السلام ਦੀ ਆਵਾਜ਼ ਵਿੱਚ ਅੜਚਨ ਪੈਦਾ ਹੋਈ ਹੈ। ਮੈਂ ਬੂਹਾ ਬੰਦ ਕਰ ਦਿੱਤਾ। ਆਪ عليه السلام ਨੇ ਤਕ਼ਰੀਰ ਰੋਕ ਕੇ ਮੈਨੂੰ ਕਿਹਾ ਕਿ ਅੰਦਰ ਬੂਹੇ 'ਤੇ **ਦਸਤਕ** ਦਿਓ ਅਤੇ ਇਸ ਮੰਗਣ ਵਾਲੇ ਨੂੰ ਅੰਦਰੋਂ ਕੁੱਝ ਦਵਾ ਦਿਓ ਅਤੇ ਫ਼ਰਮਾਇਆ ਕਿ ਅਜਿਹਾ ਕਰਨਾ ਚੰਗਾ ਨਹੀਂ ਕਿ ਮੰਗਤੇ ਦੇ ਮੰਗਣ 'ਤੇ ਬੂਹਾ ਬੰਦ ਕਰ ਦਿਓ।

ਹਜ਼ਰਤ ਸ਼ੇਖ਼ ਯਅਕੂਬ ਅਲੀ ਇਰਫ਼ਾਨੀ ਰਜ਼ਿ ਅੱਲਾਹੁ ਅਨਹੁ ਲਿਖਦੇ ਹਨ ਕਿ ਮੈਂ 1892 ਈ: ਤੋਂ ਕਾਦੀਆਂ ਆਇਆ ਸੀ ਅਤੇ 1898 ਈ: ਵਿੱਚ ਪੱਕੇ ਤੌਰ 'ਤੇ ਹਜ਼ੂਰ عليه السلام ਦੀ ਖ਼ਿਦਮਤ ਵਿੱਚ ਆ ਗਿਆ। ਮੇਰੇ ਸਾਹਮਣੇ ਅਕਸਰ ਲੋਕਾਂ ਨੇ ਸਵਾਲ ਕੀਤਾ। ਮੈਂ ਹਜ਼ੂਰ عليه السلام ਨੂੰ ਕਦੀ ਨਹੀਂ ਦੇਖਿਆ ਕਿ ਆਪ عليه السلام ਨੇ ਮੰਗਣ ਵਾਲੇ ਨੂੰ ਤਾਂਬੇ ਦਾ ਸਿੱਕਾ ਯਾਨੀ ਪੈਸਾ ਦਿੱਤਾ ਹੋਵੇ। ਆਪ عليه السلام ਹਮੇਸ਼ਾ ਚਾਂਦੀ ਦਾ ਸਿੱਕਾ ਦਿੰਦੇ ਸਨ ਯਾਨੀ ਜ਼ਿਆਦਾ ਪੈਸਾ ਦਿੰਦੇ ਸਨ। ਇੱਕ ਫ਼ਕੀਰ ਨੇ ਇੱਕ ਵਾਰ ਹਜ਼ੂਰ عليه السلام ਕੋਲ ਇਕਾਂਤ ਵਿੱਚ ਆ ਕੇ ਮੰਗਿਆ ਕਿ ਮੈਂ ਜੰਗਲ ਵਿੱਚ ਇੱਕ ਖੂਹ ਲਵਾਉਣਾ ਚਾਹੁੰਦਾ ਹਾਂ। ਉੱਥੇਂ ਮੁਸਾਫ਼ਿਰਾਂ ਨੂੰ ਆਰਾਮ ਮਿਲੇਗਾ ਅਤੇ ਪਾਣੀ ਪੀਣਗੇ। ਹਜ਼ੂਰ عليه السلام ਨੇ ਉਸ ਨੂੰ ਇਸ ਮਕ਼ਸਦ ਦੇ ਲਈ 200 ਰੁਪਏ ਦੇ ਦਿੱਤੇ ਕਿ ਲੋਕਾਂ ਦੀ ਖ਼ਿਦਮਤ ਦੇ ਲਈ ਤੂੰ ਇਹ ਕੰਮ ਕਰ ਰਿਹਾ ਹੈ ਮੈਂ ਪੈਸੇ ਦਿੰਦਾ ਹਾਂ। ਬੱਸ ਆਪ عليه السلام ਨੇ **ਖ਼ਿਦਮਤਿ ਖ਼ਲਕ਼** (ਮਾਨਵਤਾ ਦੀ ਸੇਵਾ) ਦਾ ਸਿਰਫ਼ ਹੁਕਮ ਨਹੀਂ ਦਿੱਤਾ ਬਲਕਿ ਅਮਲੀ ਨਮੂਨਾ ਬਣ ਕੇ ਦਿਖਾਇਆ।

ਹਜ਼ਰਤ ਅਬਦੁਸ ਸਮੀਅ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੀਆਂ ਮੁਹੰਮਦ ਸ਼ਰੀਫ਼ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਦਾ ਅਕ਼ੀਕ਼ਾ ਸੀ ਅਤੇ ਮਹਿਮਾਨ ਖ਼ਾਨੇ ਵਿੱਚ ਸਭ ਮਹਿਮਾਨ ਖਾਣਾ ਖਾ ਰਹੇ ਸਨ ਕਿ ਇੱਕ ਫ਼ਕੀਰ ਮਹਿਮਾਨ ਖ਼ਾਨੇ ਦੇ ਅੰਦਰ ਮੰਗਣ ਦੇ ਲਈ ਆ ਗਿਆ। ਲੋਕ ਉਸ ਨੂੰ ਕੱਢਣ ਲੱਗੇ ਤਾਂ ਹਜ਼ੂਰ عليه السلام ਨੇ ਫ਼ਕ਼ੀਰ ਨੂੰ ਖ਼ੁਦ ਖਾਣਾ ਪਕੜਾਇਆ ਅਤੇ ਲੋਕਾਂ ਨੂੰ ਫ਼ਕ਼ੀਰ ਨੂੰ ਝਿੜਕਣ ਤੋਂ ਮਨ੍ਹਾ ਕੀਤਾ ਕਿ ਖਾਣਾ ਖਾਣ ਆਇਆ ਹੈ, ਝਿੜਕਣਾ ਨਹੀਂ।

ਹਜ਼ਰਤ ਮੁਨਸ਼ੀ ਜ਼ਫ਼ਰ ਅਹਮਦ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਇੱਕ ਵਾਰ ਇੱਕ ਮੌਲਵੀ ਕਾਦੀਆਂ ਆਇਆ ਅਤੇ ਹਜ਼ੂਰ عليه السلام ਨਾਲ ਬਹਿਸ ਕਰਨ ਲੱਗਾ। ਵਫ਼ਾਤੇ ਹਯਾਤਿ ਈਸਾ عليه السلام 'ਤੇ **ਗੁਫ਼ਤਗੂ** ਸੀ। ਹਜ਼ੂਰ عليه السلام ਨੇ ਉਸ ਨੂੰ ਜਵਾਬ ਦੇਣਾ ਸ਼ੁਰੂ ਕੀਤਾ ਤਾਂ ਉਹ **ਖ਼ਾਮੋਸ਼** ਹੋ ਗਿਆ। ਆਪ عليه السلام ਨੇ ਜਦ ਉਸ ਨੂੰ ਸਮਝਾਇਆ ਅਤੇ ਪੁੱਛਿਆ ਕਿ ਸਮਝ ਗਏ ਹੋ? ਤਾਂ ਉਸ ਨੇ ਬੜੀ **ਗੁਸਤਾਖ਼ੀ** ਦਾ ਮੁਜ਼ਾਹਿਰਾ ਕਰਦੇ ਹੋਏ ਕਿਹਾ ਕਿ ਮੈਂ ਸਮਝ ਗਿਆ ਹਾਂ ਕਿ ਤੁਸੀਂ **ਦੱਜਾਲ** ਹੋ (ਨਊਜ਼ੁਬਿੱਲਾਹ نعوذباللہ) ਕਿਉਂਕਿ ਦੱਜਾਲ ਦੀ ਸਿਫ਼ਤ ਹੈ ਕਿ ਉਹ ਬਹਿਸ ਵਿੱਚ ਦੂਸਰਿਆਂ ਨੂੰ ਲਾ-ਜਵਾਬ ਕਰ ਦੇਵੇਗਾ। ਹਜ਼ੂਰ عليه السلام ਨੇ ਫਿਰ ਕੁੱਝ ਨਹੀਂ ਫ਼ਰਮਾਇਆ ਅਤੇ ਉਹ ਚਲਿਆ ਗਿਆ। ਅੰਮ੍ਰਿਤਸਰ ਜਾ ਕੇ ਉਸ ਨੇ ਇੱਕ ਇਸ਼ਤਿਹਾਰ ਛਪਵਾਇਆ ਅਤੇ ਇਹ ਵਾਕ਼ਿਆ ਬਿਆਨ ਕਰਕੇ ਕਿਹਾ ਕਿ ਜਦ ਆਪ عليه السلام ਅੰਦਰ ਤਸ਼ਰੀਫ਼ ਲੈ ਗਏ ਤਾਂ ਮੈਂ ਇੱਕ ਲਿਖਤ ਭੇਜੀ ਕਿ ਮੈਂ **ਲੋੜਵੰਦ** ਹਾਂ ਅਤੇ ਮੇਰੇ ਨਾਲ ਕੁੱਝ ਚੰਗਾ ਸਲੂਕ ਕਰੋ। ਆਪ عليه السلام ਨੇ ਫ਼ੌਰਨ 15 ਰੁਪਏ ਭੇਜ ਦਿੱਤੇ। ਆਪ عليه السلام ਬਹੁਤ ਸਖ਼ੀ ਸਨ।

ਹਜ਼ਰਤ ਕ਼ਾਜ਼ੀ ਅਬਦੁਲ ਗ਼ਫ਼ੂਰ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ 1906 ਈ: ਵਿੱਚ ਮੈਂ ਆਪਣੇ ਵੱਡੇ ਭਾਈ ਦੇ ਨਾਲ **ਰਾਵਲਪਿੰਡੀ** ਤੋਂ ਕਾਦੀਆਂ ਗਿਆ। ਹਜ਼ੂਰ عليه السلام ਮਸਜਿਦ ਦੀਆਂ ਪੌੜੀਆਂ ਤੋਂ ਉੱਤਰ ਰਹੇ ਸਨ। ਇੱਕ ਸ਼ਖ਼ਸ ਹਕੀਮ ਸ਼ਾਹ ਨਵਾਜ਼ ਨੇ ਹਜ਼ੂਰ عليه السلام ਨੂੰ ਇੱਕ ਥੈਲੀ ਵਿੱਚ 17 ਪਾਉਂਡ ਨਜ਼ਰਾਨੇ ਦੇ ਤੌਰ 'ਤੇ ਪੇਸ਼ ਕੀਤੇ। ਹਜ਼ੂਰ عليه السلام ਨੇ ਥੈਲੀ ਲੈ ਕੇ ਜੇਬ ਵਿੱਚ ਪਾ ਲਈ। ਥੱਲੇ ਇੱਕ ਮੰਗਤਾ ਖੜਾ ਸੀ। ਉਸ ਨੇ ਕੁੱਝ ਮੰਗਿਆ। ਹਜ਼ੂਰ عليه السلام ਨੇ ਉਹੀ ਥੈਲੀ ਜੇਬ 'ਚੋਂ ਕੱਢ ਕੇ ਉਸ ਦੇ ਹੱਥ 'ਤੇ ਰੱਖ ਦਿੱਤੀ। ਹਕੀਮ ਸਾਹਿਬ ਨੇ ਅਰਜ਼ ਕੀਤਾ ਕਿ ਹਜ਼ੂਰ عليه السلام ਇਸ ਵਿੱਚ 17 ਪਾਉਂਡ ਸਨ। ਫ਼ਰਮਾਇਆ: ਇਸ ਦੇ ਸਨ ਇਸੇ ਨੂੰ ਪਹੁੰਚ ਗਏ। ਇਹ ਉਸ ਜ਼ਮਾਨੇ ਵਿੱਚ ਬਹੁਤ ਵੱਡੀ ਰਕ਼ਮ ਸੀ।

ਹਜ਼ਰਤ ਉੱਮੁਲ ਮੋਮਿਨੀਨ ਰਜ਼ਿ ਅੱਲਾਹੁ ਅਨਹਾ ਤੋਂ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਰਜ਼ਿ ਅੱਲਾਹੁ ਅਨਹੁ ਨੇ ਰਿਵਾਇਤ ਬਿਆਨ ਕੀਤੀ ਹੈ। ਲਿਖਦੇ ਹਨ ਕਿ ਮੈਨੂੰ ਵਾਲਦਾ ਸਾਹਿਬਾ ਨੇ ਬਿਆਨ ਕੀਤਾ ਕਿ ਹਜ਼ੂਰ عليه السلام ਬਹੁਤ **ਸਦਕ਼ਾ** ਦਿਆ ਕਰਦੇ ਸਨ ਅਤੇ ਅਜਿਹਾ ਖ਼ੁਫ਼ੀਆ ਦਿੰਦੇ ਕਿ ਸਾਨੂੰ ਵੀ ਪਤਾ ਨਹੀਂ ਲੱਗਦਾ ਸੀ। ਦਾਸ ਨੇ ਪੁੱਛਿਆ ਕਿ ਕਿੰਨਾ ਸਦਕ਼ਾ ਦਿੰਦੇ ਸਨ। ਵਾਲਦਾ ਸਾਹਿਬਾ ਨੇ ਫ਼ਰਮਾਇਆ ਕਿ ਬਹੁਤ ਦਿੰਦੇ ਸਨ ਅਤੇ ਆਖ਼ਰੀ ਦਿਨਾਂ ਵਿੱਚ ਜਿੰਨੇ ਪੈਸੇ ਵੀ

ਆਉਂਦੇ ਸਨ ਉਸ ਦਾ ਦਸਵਾਂ ਹਿੱਸਾ ਸਦਕ਼ੇ ਦੇ ਲਈ ਵੱਖ ਕਰ ਦਿੰਦੇ ਸਨ। ਇਸ ਤੋਂ ਇਹ ਮੁਰਾਦ ਨਹੀਂ ਕਿ ਦਸਵੇਂ ਹਿੱਸੇ ਤੋਂ ਜ਼ਿਆਦਾ ਨਹੀਂ ਦਿੰਦੇ ਸਨ ਬਲਕਿ ਕਈ ਵਾਰ ਖ਼ਰਚੇ ਜ਼ਰੂਰਤ ਤੋਂ ਜ਼ਿਆਦਾ ਹੋ ਜਾਂਦੇ ਹਨ। ਸਦਕੇ ਵਿੱਚ **ਅਣਗਹਿਲੀ** ਨਾ ਹੋ ਜਾਵੇ ਇਸ ਲਈ ਪਹਿਲਾਂ ਹੀ ਘੱਟੋ ਘੱਟ ਦਸਵਾਂ ਹਿੱਸਾ ਵੱਖ ਕਰ ਲੈਂਦੇ ਤਾਂ ਜੋ ਉਹ ਰੁਪਈਆ ਕਿਸੇ ਹੋਰ ਖ਼ਰਚੇ ਵਿੱਚ ਨਾ ਆ ਜਾਵੇ। ਸਦਕ਼ਾ ਦੇਣ ਵਿੱਚ ਅਹਮਦੀ ਗ਼ੈਰ ਅਹਮਦੀ ਦਾ ਲਿਹਾਜ਼ ਨਹੀਂ ਰੱਖਦੇ ਸਨ। ਆਪ عليه السلام ਦੀ ਆਦਤ ਸੀ ਕਿ ਮੰਗਣ ਵਾਲੇ ਨੂੰ ਕਦੀ ਮੋੜਦੇ ਨਹੀਂ ਸਨ। ਇਹ ਵੀ ਆਪ عليه السلام ਦੀ ਆਦਤ ਵਿੱਚ ਸੀ ਕਿ ਮੰਗਣ ਵਾਲੇ ਦੀ ਬਾਰੀਕ ਦਰ ਬਾਰੀਕ ਸੂਰਤਾਂ ਨੂੰ ਵੀ ਖ਼ੂਬ ਸਮਝਦੇ ਸਨ। ਇੱਕ ਵਾਰ ਕਿਸੇ ਸ਼ਖ਼ਸ ਨੇ ਆਪ عليه السلام ਨੂੰ ਇਹ ਖ਼ੂਬਸੂਰਤ **ਟੋਪੀ** ਭੇਜੀ। ਜਦ ਇਹ ਪਾਰਸਲ ਹਜ਼ੂਰ عليه السلام ਦੀ ਖ਼ਿਦਮਤ ਵਿੱਚ ਪਹੁੰਚਿਆ ਤਾਂ **ਇੱਤਿਫ਼ਾਕ਼** ਨਾਲ ਉੱਥੇ ਇੱਕ ਹਿੰਦੂ ਵੀ ਸੀ। ਆਪ عليه السلام ਨੇ ਪਾਰਸਲ ਖੋਲ੍ਹਿਆ ਤਾਂ ਟੋਪੀ ਨਿਕਲੀ। ਉਸ ਹਿੰਦੂ ਨੇ ਉਸ ਦੀ ਬੜੀ ਤਾਰੀਫ਼ ਕੀਤੀ। ਆਪ عليه السلام ਨੇ ਉਹ ਟੋਪੀ ਉਸੇ ਨੂੰ ਦੇ ਦਿੱਤੀ।

ਇੱਕ ਅਹਮਦੀ ਹਜ਼ਰਤ ਸਰਫ਼ਰਾਜ਼ ਖ਼ਾਨ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਅਸੀਂ ਜਲਸੇ ‘ਤੇ ਆਏ ਅਤੇ ਹਜ਼ੂਰ عليه السلام ਨੂੰ ਕਿਸੇ ਨੇ **ਘੋੜੀ** ਦਿੱਤੀ। ਮੇਰੇ ਦਿਲ ਵਿੱਚ ਆਇਆ ਕਿ ਘੋੜੀ ਮੈਨੂੰ ਮਿਲ ਜਾਵੇ ਅਤੇ ਮੈਂ ਉਸ ਨੂੰ ਲੈ ਜਾਵਾਂ ਅਤੇ ਕਹਾਂ ਕਿ ਮਸੀਹ ਦੀ ਘੋੜੀ ਮੈਂ ਲੈ ਆਇਆ ਹਾਂ। ਜਲਸੇ ਦੇ ਬਾਅਦ ਮੈਂ ਅਰਜ਼ ਕੀਤਾ ਕਿ ਹਜ਼ੂਰ عليه السلام ਮੈਂ ਵਾਪਸ ਜਾਣਾ ਚਾਹੁੰਦਾ ਹਾਂ। ਫ਼ਰਮਾਇਆ: ਠਹਿਰੋ। ਕੁੱਝ ਦਿਨ ਬਾਅਦ ਮੈਂ ਫਿਰ ਅਜਿਹਾ ਹੀ ਕਿਹਾ ਤਾਂ ਹਜ਼ੂਰ عليه السلام ਨੇ ਫ਼ਰਮਾਇਆ ਕਿ ਚੌਧਰੀ ਸਾਹਿਬ! ਇਹ ਘੋੜੀ ਲੈ ਜਾਓ। ਮੈਂ ਅਰਜ਼ ਕੀਤਾ ਕਿ ਹਜ਼ੂਰ عليه السلام ਇਸ ਘੋੜੀ ਦੀ ਕੀ **ਕ਼ੀਮਤ** ਹੈ। ਆਪ عليه السلام ਨੇ ਫ਼ਰਮਾਇਆ ਕਿ ਇਸ ਨੂੰ **ਘਾਹ** ਅਤੇ **ਦਾਣਾ** ਪਾਓ ਅਤੇ ਇਸ ‘ਤੇ **ਚੜ੍ਹੋ** ਇਸ ਦੀ ਇਹੀ ਕ਼ੀਮਤ ਹੈ।

ਆਖ਼ਿਰ ‘ਤੇ ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਲਾਹ ਤਆਲਾ ਸਾਨੂੰ ਵੀ ਉਨ੍ਹਾਂ **ਅਖ਼ਲਾਕ਼** ਦਾ ਹਮਿਲ ਬਣਾਵੇ ਜਿਨ੍ਹਾਂ ਦੇ ਪੈਦਾ ਕਰਨ ਦੇ ਲਈ ਅੱਲਾਹ ਨੇ ਆਂਹਜ਼ਰਤ ਸੱਲ-ੱਲਾਹੁ ਅਲੈਹਿ-ਵਸੱਲਮ ਦੀ **ਗ਼ੁਲਾਮੀ** ਵਿੱਚ ਆਪ عليه السلام ਨੂੰ ਭੇਜਿਆ ਸੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞